

**CHAWLA**
**INFERTILITY CLINIC & RESEARCH CENTRE**

**Chawla Nursing Home & Maternity Hospital**
9, Lajpat Nagar, Link Road, Jalandhar 144 001 (Pb)
Tel: 0181- 5072323, 2236662



# ਬਾਂਝਪਨ ਤੋਂ ਨਿਜਾਦ

ਬੇਔਲਾਦ ਦੰਪਤੀਆਂ ਵਾਸਤੇ ਇਕ ਆਸ, ਇਕ ਰਾਹ।



**CHAWLA**
**INFERTILITY CLINIC**
**& RESEARCH CENTRE**

## ਜ਼ਰਖੇਜ਼ - ਸਲਾਹ ਅਤੇ ਇਲਾਜ

## ਸਮੱਸਿਆ


### ਬਾਂਝਪਨ ਕੀ ਹੈ?

ਪਤੀ ਪਤਨੀ ਦੇ ਇੱਕ ਸਾਲ ਇਕੱਠੇ ਰਹਿਣ ਅਤੇ ਕੋਈ ਵੀ ਗਰਭ ਨਿਰੋਧਕ ਇਸਤੇਮਾਲ ਨਾ ਕਰਣ ਦੇ ਬਾਵਜੂਦ, ਬੱਚਾ ਨਾ ਠਹਿਰੇ, ਉਸਨੂੰ ਬਾਂਝਪਨ ਕਿਹਾ ਜਾਂਦਾ ਹੈ।

**ਬਾਂਝਪਨ ਦੇ ਕਾਰਨ :** ਬਾਂਝਪਨ ਦਾ ਨੁਕਸ ਮਰਦ ਅਤੇ ਔਰਤ ਦੋਨਾਂ ਵਿੱਚ ਹੋ ਸਕਦਾ ਹੈ।

### ਔਰਤਾਂ ਵਿੱਚ ਜਿਵੇਂ :

- ਬੱਚੇਦਾਨੀ ਦਾ ਸਹੀ ਵਿਕਾਸ ਨਾ ਹੋਣਾ ਜਾਂ ਰਸੌਲੀ ਦਾ ਹੋਣਾ।
- ਹਾਰਮੋਨ ਦਾ ਨੁਕਸ।
- ਅੰਡੇਦਾਨੀਆਂ ਦਾ ਠੀਕ ਕੰਮ ਨਾ ਕਰਨਾ।
- ਟਿਊਬਾਂ ਵਿੱਚ ਸੋਜਿਸ਼ ਹੋਣਾ, ਬੰਦ ਹੋਣਾ ਜਾਂ ਠੀਕ ਕੰਮ ਨਾ ਕਰਨਾ।
- ਮਾਹਵਾਰੀ ਦੌਰਾਨ ਦਰਦ ਹੋਣਾ ਅਤੇ ਖੂਨ ਦਾ ਜਿਆਦਾ ਪੈਣਾ।
- ਲੰਬੇ ਸਮੇਂ ਤੱਕ ਬੁਖਾਰ ਦਾ ਰਹਿਣਾ, ਜੋ ਗਰਭਧਾਰਨ ਤੇ ਬੁਰਾ ਅਸਰ ਕਰਦਾ ਹੈ।




### ਮਰਦਾਂ ਵਿੱਚ ਜਿਵੇਂ :

- ਸ਼ੁਕਰਾਣੂ ਘੱਟ ਬਣਨੇ (Oligospermia) ਜਾਂ ਬਿਲਕੁਲ ਨਾ ਬਣਨੇ। (Azoospermia)
- ਪ੍ਰਜਣਨ ਅੰਗਾਂ ਦਾ ਨੁਕਸ।
- ਅੰਡਕੋਸ਼ ਦੁਆਲੇ ਨਸਾਂ ਦਾ ਫੁੱਲ ਜਾਣਾ।
- ਸ਼ਰਾਬ, ਸਿਗਰੇਟ ਅਤੇ ਨਸ਼ੀਲੀਆਂ ਦਵਾਈਆਂ ਦਾ ਸੇਵਨ ਕਰਨਾ। ਗਰਮ ਥਾਂ ਤੇ ਕੰਮ ਕਰਨਾ, ਤੰਗ ਕਪੜੇ ਪਹਿਨਣਾ।
- ਲੰਬਾ ਬੁਖਾਰ, ਮੋਟਾਪਾ, ਕੰਨਪੇੜੇ ਆਦਿ ਬਾਂਝਪਨ ਦੇ ਕਾਰਨ ਹੋ ਸਕਦੇ ਹਨ।

## ਸਮਾਧਾਨ

### ਬਾਂਝਪਨ ਦਾ ਇਲਾਜ :

ਜੇਕਰ ਤੁਹਾਨੂੰ ਗਰਭ ਧਾਰਨ ਵਿੱਚ ਮੁਸ਼ਕਿਲ ਆ ਰਹੀ ਹੈ ਤਾਂ ਤੁਹਾਨੂੰ ਡਾਕਟਰੀ ਸਹਾਇਤਾ ਦੀ ਲੋੜ ਹੈ। ਇਲਾਜ ਕਈ ਤਰ੍ਹਾਂ ਦੇ ਹਨ। ਤੁਹਾਡੇ ਵਾਸਤੇ ਮਾਫ਼ਿਕ ਇਲਾਜ, ਤੁਹਾਡਾ ਗਰਭ ਧਾਰਨ ਨਾਂ ਕਰ ਸਕਣ ਦਾ ਕਾਰਨ ਲੱਭਣ ਤੋ ਬਾਅਦ ਹੀ ਦੱਸਿਆ ਜਾ ਸਕਦਾ ਹੈ। ਬਾਂਝਪਨ ਦੇ ਛੋਟੇ ਤੋਂ ਲੈ ਕੇ ਵੱਡੇ ਇਲਾਜ ਅਤੇ ਤਰੀਕੇ ਜਿਵੇਂ IUI ਤੋਂ ਲੈ ਕੇ IVF (Test tube baby), ICSI ਆਦਿ ਉਪਲਬੱਧ ਹਨ।

**ਆਈ. ਯੂ. ਆਈ. :** IUI (Intrauterine Insemination)

ਇਹ ਇੱਕ ਸੌਖਾ ਤੇ ਸਰਲ ਤਰੀਕਾ ਹੈ। ਇਸ ਵਿੱਚ ਅਲਟਰਾਸਾਊਂਡ ਸਕੈਨ ਦੁਆਰਾ ਅੰਡਾ ਬਣਨ ਦੀ ਪ੍ਰਕਿਰਿਆ ਦਾ ਪਤਾ ਲਗਾਇਆ ਜਾਂਦਾ ਹੈ। ਜਿਸ ਦਿਨ ਅੰਡਾ ਨਿਕਲਦਾ ਹੈ ਉਸ ਦਿਨ ਵੀਰਜ ਨੂੰ ਬੱਚੇਦਾਨੀ ਵਿੱਚ ਰੱਖਿਆ ਜਾਂਦਾ ਹੈ। ਜਦੋਂ ਅੰਡੇ ਟਿਊਬਾਂ ਵਿੱਚ ਪਹੁੰਚਦੇ ਹਨ ਤਾਂ ਵੀਰਜ ਨਾਲ ਮਿਲ ਜਾਂਦੇ ਹਨ। ਇਸ ਤਰ੍ਹਾਂ ਅੰਡੇ ਤੇ ਸ਼ੁਕਰਾਣੂ ਦੇ ਮੇਲ ਨਾਲ ਗਰਭ ਧਾਰਨ ਹੋ ਜਾਂਦਾ ਹੈ ਜੋ ਬੱਚੇਦਾਨੀ ਵਿੱਚ ਆ ਕੇ ਵੱਧਦਾ ਹੈ। ਕਈ ਵਾਰ ਅੰਡਾ ਬਣਨ ਦੀ ਦਵਾਈ ਵੀ ਦੇਣੀ ਪੈਂਦੀ ਹੈ ਤਾਂ ਕਿ ਸਮੇਂ ਸਿਰ ਅੰਡਾ ਅੰਡੇਦਾਨੀ ਤੋਂ ਨਿਕਲ ਕੇ ਟਿਊਬਾਂ ਰਾਹੀਂ ਬੱਚੇਦਾਨੀ ਵਿੱਚ ਪਹੁੰਚੇ। ਇਸ ਤਕਨੀਕ ਰਾਹੀਂ ਸਫਲਤਾ ਮਿਲਦੀ ਦੇਖੀ ਗਈ ਹੈ।

**ਆਈ. ਵੀ. ਐਫ. :** IVF - In Vitro Fertilization (Test tube baby)

ਇਸ ਵਿਧੀ ਦੁਆਰਾ ਸ਼ੁਰੂ ਵਿੱਚ ਇਸਤਰੀ ਨੂੰ ਹਾਰਮੋਨ ਦਿੱਤੇ ਜਾਂਦੇ ਹਨ ਤਾਂ ਜੋ ਇੱਕ ਤੋਂ ਵੱਧ ਅੰਡੇ ਬਣ ਸਕਣ। ਇਨ੍ਹਾਂ ਅੰਡਿਆਂ ਨੂੰ ਅਲਟਰਾਸਾਊਂਡ ਦੀ ਮਦਦ ਨਾਲ ਡਾਕਟਰ ਬਾਹਰ ਕੱਢ ਲੈਂਦੇ ਹਨ। ਇਸ ਦੌਰਾਨ ਮਰਦ ਦੇ ਵੀਰਜ ਨੂੰ ਇੱਕ ਖਾਸ ਪਦਾਰਥ ਨਾਲ ਸਾਫ ਕਰ ਕੇ ਉਸ ਵਿੱਚੋਂ ਸਿਹਤਮੰਦ ਅਤੇ ਕ੍ਰਿਆਸ਼ੀਲ ਵੀਰਜ ਨੂੰ ਅੱਡ ਕਰ ਲਿਆ ਜਾਂਦਾ ਹੈ।

ਇਸ ਅੱਡ ਕੀਤੇ ਵੀਰਜ ਦਾ ਇਸਤਰੀ ਦੇ ਅੰਡਿਆਂ ਨਾਲ ਮੇਲ ਕਰਾਇਆ ਜਾਂਦਾ ਹੈ। ਇਹ ਪ੍ਰਕਿਰਿਆ ਲੈਬੋਰੇਟਰੀ ਵਿੱਚ ਕੀਤੀ ਜਾਂਦੀ ਹੈ। ਭਰੂਣ ਤਿਆਰ ਹੋਣ ਤੇ ਇਸਤਰੀ ਦੇ ਗਰਭ ( ਬੱਚੇਦਾਨੀ ) ਅੰਦਰ ਰੱਖਿਆ ਜਾਂਦਾ ਹੈ। ਇਸ ਦੌਰਾਨ ਜੇ ਭਰੂਣ ਸਹੀ ਜਗ੍ਹਾ ਤੇ ਪਹੁੰਚ ਕੇ ਠਹਿਰ ਜਾਂਦਾ ਹੈ ਤਾਂ ਗਰਭ ਕੁਦਰਤੀ ਤੌਰ ਤੇ ਹੋਣ ਵਾਲੇ ਗਰਭ ਵਾਂਗ ਹੀ ਅੱਗੇ ਚੱਲੇਗਾ।

ਇਹ ਇਲਾਜ ਉਨ੍ਹਾਂ ਔਰਤਾਂ ਲਈ ਹੈ ਜਿਨ੍ਹਾਂ ਦੇ ਅੰਡੇ ਤਾਂ ਬਣਦੇ ਹਨ ਪਰ ਟਿਊਬਾਂ ਬੰਦ ਹੋਣ ਜਾਂ ਸਹੀ ਕੰਮ ਨਹੀ ਕਰ ਰਹੀਆਂ ਹੋਣ।